ਵੱਲੋਂ

ਸਕੱਤਰ,

ਪੰਜਾਬ ਸਕੂਲ ਸਿੱਖਿਆ ਬੋਰਡ

ਐਸ.ਏ.ਐਸ.ਨਗਰ।

ਵੱਲ

ਸਮੂਹ ਸਕੂਲ ਮੁੱਖੀ ਐਫੀਲੀਏਟਿਡ,

ਪੰਜਾਬ।

ਨੰ: ਪਸਸਬ-ਐਫੀ:2015/ 572

ਮਿਤੀ; ਮੋਹਾਲੀ: 13/3/15

**ਵਿਸ਼ਾ:- ਬੋਰਡ ਦੀਆਂ ਮੈਟ੍ਰਿਕ ਅਤੇ +2 ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ 2015 ਲਈ ਉੱਤਰ-ਪੱਤਰੀਆਂ ਦੀ ਕਰਵਾਈ ਜਾ ਰਹੀ ਟੇਬਲ ਮਾਰਕਿੰਗ ਲਈ ਕੋਆਰਡੀਨੇਟਰਜ਼ ਨੂੰ ਅਧਿਆਪਕ ਮੁਹੱਈਆ ਕਰਵਾਉਣ ਬਾਰੇ।**

ਸ੍ਰੀਮਾਨ/ਮੈਡਮ ਜੀ,

ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਮੈਟ੍ਰਿਕ ਅਤੇ +2 ਸ਼੍ਰੇਣੀ ਦੀਆਂ ਸਾਲਾਨਾਂ ਪ੍ਰੀਖਿਆਵਾਂ 2015 ਬੋਰਡ ਵੱਲੋਂ ਸੰਚਾਲਿਤ ਕੀਤੀਆਂ ਜਾ ਰਹੀਆਂ ਹਨ। ਬੋਰਡ ਵੱਲੋਂ ਇਨ੍ਹਾਂ ਪ੍ਰੀਖਿਆਵਾਂ ਵਿੱਚ ਅਪੀਅਰ ਹੋ ਰਹੇ ਪ੍ਰੀਖਿਆਰਥੀਆਂ ਦੀਆਂ ਉੱਤਰ-ਪੱਤਰੀਆਂ ਹਰ ਜ਼ਿਲ੍ਹੇ ਵਿੱਚ ਸਥਾਪਿਤ ਕੀਤੇ ਗਏ ਮੁਲਾਂਕਣ ਕੇਂਦਰਾਂ ਵਿੱਚ ਟੇਬਲ ਮਾਰਕਿੰਗ ਵਿਧੀ ਰਾਹੀਂ ਕਰਵਾਉਣ ਦਾ ਨਿਰਣਾ ਲਿਆ ਗਿਆ ਹੈ ਅਤੇ ਟੇਬਲ ਮਾਰਕਿੰਗ ਲਈ ਪ੍ਰਾਸੈਸ ਮਿਤੀ: 11-03-2015 ਤੋਂ ਆਰੰਭ ਹੋ ਚੁੱਕੀ ਹੈ। ਇਹ ਵੀ ਨਿਰਣਾ ਲਿਆ ਗਿਆ ਹੈ ਕਿ ਟੇਬਲ ਮਾਰਕਿੰਗ ਲਈ ਬੋਰਡ ਨਾਲ ਐਫੀਲੀਏਟਿਡ ਸਕੂਲਾਂ ਵੱਲੋਂ ਵੀ ਤਜਰਬਾਕਾਰ ਅਧਿਆਪਕ ਮੁਲਾਂਕਣ ਕੇਂਦਰਾਂ ਦੇ ਕੋਆਰਡੀਨੇਟਰਜ਼ ਨੂੰ ਮੁਹੱਈਆ ਕਰਵਾਏ ਜਾਣਗੇ। ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁਲਾਂਕਣ ਕੇਂਦਰਾਂ ਦੇ ਕੋਆਰਡੀਨੇਟਰ ਜੋ ਜ਼ਿਲ੍ਹਾ ਸਿੱਖਿਆ ਅਫਸਰਾਂ ਦੀ ਨਿਗਰਾਨੀ ਹੇਠ ਕੰਮ ਕਰ ਰਹੇ ਹਨ, ਨੂੰ ਉਨ੍ਹਾਂ ਦੀ ਮੰਗ ਅਨੁਸਾਰ ਸਬੰਧਤ ਵਿਸ਼ੇ ਦੇ ਤਜਰਬਾਕਾਰ ਅਧਿਆਪਕ ਟੇਬਲ ਮਾਰਕਿੰਗ ਲਈ ਹਰ ਹਾਲਤ ਵਿੱਚ ਮੁਹੱਈਆ ਕਰਵਾਏ ਜਾਣ।

ਆਪ ਜੀ ਦੇ ਬਹੁਮੁੱਲੇ ਸਹਿਯੋਗ ਸਦਕਾ ਹੀ ਟੇਬਲ ਮਾਰਕਿੰਗ ਦਾ ਕੰਮ ਸਫਲਤਾ ਪੂਰਵਕ ਸੰਪਨ ਹੋ ਸਕੇਗਾ।

ਵਿਸ਼ਵਾਸਪਾਤਰ

13/3/15

ਇੰਚਾਰਜ ਐਫੀਲੀਏਸ਼ਨ

ਵਾਸਤੇ ਸਕੱਤਰ